ਸਿਤੰਬਰ 23, 2016

## ਨੰਬਰ ਪੈਨਲ ਵਿੱਚ ਵਧਦੇ ਆਕਾਰ ਵਿੱਚ ਅੰਕ, ਇਨਸੇਟ ਲੈਟਰ ਬਿਨਾ, ਇੰਟੇਗਲਿਓ ਪ੍ਰਿੰਟਿੰਗ ਬਿਨਾ ਰੁਪਏ 20 ਮੁੱਲ ਦੇ ਬੈਂਕਨੋਟ ਜਾਰੀ ਕਰਨਾ

ਭਾਰਤੀ ਰਿਜ਼ਰਵ ਬੈਂਕ ਮਹਾਤਮਾ ਗਾਂਧੀ ਸੀਰੀਜ਼ 2005 ਦੇ ਤਹਿਤ, ਡਾ॰ ਰਘੁਰਾਮ ਜੀ॰ ਰਾਜਨ ਦੁਆਰਾ ਦਸਤਖਤ ਕੀਤੇ ₹ 20 ਮੁੱਲ ਦੇ ਬੈਂਕਨੋਟ ਜਾਰੀ ਕਰੇਗਾ। ਏਹਨਾਂ ਬੈਂਕਨੋਟਾਂ ਦੇ ਦੋਵੇਂ ਨੰਬਰ ਪੈਨਲਾਂ ਵਿੱਚ ਕੋਈ ਇਨਸੇਟ ਲੈਟਰ ਨਹੀਂ ਹੋਵੇਗਾ। ਉਲਟ ਪਾਸੇ ਛਪਾਈ ਸਾਲ '2016' ਪ੍ਰਿੰਟ ਕੀਤਾ ਜਾਵੇਗਾ।

ਹੁਣੀ ਜਾਰੀ ਕੀਤੇ ਇਹਨਾਂ ਨੋਟਾਂ ਦਾ ਡਿਜ਼ਾਈਨ, ਮਹਾਤਮਾ ਗਾਂਧੀ ਸੀਰੀਜ਼ 2005 ਦੇ ਤਹਿਤ ਹਾਲ ਹੀ ਜਾਰੀ ਕੀਤੇ ਰੁਪਏ 20 ਮੁੱਲ ਦੇ ਬੈਂਕਨੋਟ ਦੇ ਵਰਗਾ ਹੋਵੇਗਾ, ਜਿਹਨਾਂ ਵਿੱਚ ਨੰਬਰ ਪੈਨਲ ਵਿੱਚ ਵਧਦੇ ਆਕਾਰ ਦੇ ਅੰਕ ਹਨ, ਅਤੇ ਇੰਟੇਗਲਿਓ ਪ੍ਰਿੰਟਿੰਗ , ਲੈਟਰ ਚਿੱਤਰ ਅਤੇ ਪਹਿਚਾਣ ਚਿੰਨ੍ਹ ਨਹੀਂ ਹਨ।

ਏਹਨਾਂ ਨੋਟਾਂ ਦੇ ਸਾਹਮਣੇ ਦਾ ਰੰਗ, ਇੰਟੇਗਲਿਓ ਪ੍ਰਿੰਟਿੰਗ ਹਟਾਏ ਜਾਣ ਕਰਕੇ ਥੋੜ੍ਹਾ ਹਲਕਾ ਹੈ। (ਹਵਾਲਾ : ਸਿਤੰਬਰ 15,2016 ਨੂੰ ਜਾਰੀ ਪ੍ਰੈੱਸ ਰੀਲੀਜ਼ ਨੰ 2016-2017/678)

ਬੈਂਕ ਦੁਆਰਾ ਪਹਿਲਾਂ ਤੋਂ ਜਾਰੀ ₹ 20 ਮੁੱਲ ਦੇ ਸਾਰੇ ਬੈਂਕਨੋਟ ਕਨੂੰਨੀ ਮੁਦ੍ਰਾ ਰਹਿਣਗੇ।

ਅਜੀਤ ਪ੍ਰਸਾਦ
ਸਹਾਇਕ ਸਲਾਹਕਾਰ

ਪ੍ਰੈੱਸ ਰਿਲੀਜ਼ : 2016-2017/757